OFFICE
COMMISSIONER OF POLICE
JALANDHAR

ਦਫਤਰ
ਕਮਿਸ਼ਨਰ ਪੁਲਿਸ
ਜਲੰਧਰ

(English Branch)

ਨੰਬਰ : 92159 ਮਿਤੀ : 25.09.2026

ਵਿਸ਼ਾ : ਵਹੀਕਲਾਂ ਦੀ ਨਿਲਾਮੀ ਸਬੰਧੀ ਜਨਤਕ ਸੂਚਨਾ/ਇਸ਼ਤੇਹਾਰ

ਕਮਿਸ਼ਨਰੇਟ ਪੁਲਿਸ ਜਲੰਧਰ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਵੱਖ-ਵੱਖ ਥਾਣਿਆਂ ਦੇ ਫੈਸਲਾ-ਸ਼ੁਦਾ ਮੁਕਦੱਮਿਆਂ ਵਿੱਚ ਬ੍ਰਾਮਦਸ਼ੁਦਾ ਕੁੱਲ 366 ਵਹੀਕਲਾਂ ਦੀ ਨਿਲਾਮੀ ਕਰਨ ਲਈ ਕਾਰਵਾਈ ਪ੍ਰਗਤੀ ਅਧੀਨ ਹੈ। ਇਹ ਵਹੀਕਲ ਇਸ ਸਮੇਂ ਥਾਣਾ ਡਵੀਜਨ ਨੰਬਰ-1, ਥਾਣਾ ਡਵੀਜਨ ਨੰਬਰ-2, ਥਾਣਾ ਡਵੀਜਨ ਨੰਬਰ-7, ਥਾਣਾ ਡਵੀਜਨ ਨੰਬਰ-੪, ਥਾਣਾ ਸਦਰ, ਥਾਣਾ ਕੈਂਟ ਅਤੇ ਥਾਣਾ ਬਸਤੀ ਬਾਵਾ ਖੇਲ ਕਮਿਸ਼ਨਰੇਟ ਜਲੰਧਰ ਦੇ ਮਾਲਖਾਨਿਆਂ ਵਿੱਚ ਖੜ੍ਹੇ ਹਨ। ਹਰ ਕੋਈ ਬੋਲੀਕਾਰ ਕਿਸੇ ਵੀ ਸਮੇਂ ਇਹਨਾਂ ਵਹੀਕਲਾਂ ਨੂੰ ਉਪਰੋਕਤ ਥਾਣਿਆਂ ਵਿੱਚ ਜਾ ਕੇ ਖੁਦ ਵੇਖ ਸਕਦੇ ਹਨ। ਇਹ ਸਾਰੇ ਵਹੀਕਲ ਸਕਰੈਪ ਵਿੱਚ ਨਿਲਾਮ ਕੀਤੇ ਜਾਣੇ ਹਨ। ਇਹਨਾਂ ਵਹੀਕਲਾਂ ਦੀ ਖੁੱਲੀ ਬੋਲੀ ਰਾਹੀਂ ਨਿਲਾਮੀ ਨਿਰਧਾਰਿਤ ਕਮੇਟੀ ਮੈਂਬਰਾਂ ਵੱਲੋਂ ਮਿਤੀ 01/10/2026 ਨੂੰ ਸਮਾਂ 12.00 ਵਜੇ ਸਵੇਰ ਪੁਲਿਸ ਲਾਇਨ ਕਮਿਸ਼ਨਰੇਟ ਜਲੰਧਰ ਵਿੱਚ ਕਰਵਾਈ ਜਾਵੇਗੀ। ਇਸ ਖੁੱਲੀ ਬੋਲੀ ਵਿੱਚ ਭਾਗ ਲੈਣ ਵਾਲੇ ਹਰੇਕ ਬੋਲੀਕਾਰ ਵੱਲੋਂ ਨਗਦ ਰਕਮ 50,000/-ਰੁਪਏ ਬਤੌਰ ਜਮਾਨਤ/ਸਕਿਉਰਟੀ ਬੋਲੀ ਤੋਂ ਪਹਿਲਾਂ ਜਮ੍ਹਾਂ ਕਰਾਉਣੀ ਪਵੇਗੀ ਅਤੇ ਬਾਕੀ ਹੋਰ ਸ਼ਰਤਾਂ ਅਤੇ ਵਹੀਕਲਾਂ ਦੇ ਰਜਿਸਟਰੇਸ਼ਨ ਨੰਬਰਾਂ ਦੀ ਲਿਸਟ ਆਦਿ ਦਾ ਮੁਕੰਮਲ ਵੇਰਵਾ ਕਮਿਸ਼ਨਰੇਟ ਪੁਲਿਸ ਜਲੰਧਰ ਦੀ ਵੈਬਸਾਇਟ http://jalandharcity.punjabpolice.gov.in/ ਪਰ ਵੀ ਉਪਲੱਬਧ ਹੈ। ਇਸ ਲਈ ਸਬੰਧਿਤ ਵਾਹਨ ਮਾਲਕ ਇਹਨਾਂ ਵਹੀਕਲਾਂ ਨੂੰ ਰਲੀਜ ਕਰਾਉਣ ਸਬੰਧੀ ਆਪਣਾ ਲਿੱਖਤੀ ਦਾਅਵਾ/ਐਪਲੀਕੇਸ਼ਨ ਅਤੇ ਮਾਨਯੋਗ ਅਦਾਲਤ ਵੱਲੋਂ ਜਾਰੀ ਸੁਪਰਦਾਰੀ ਆਦਿ ਦੇ ਦਸਤਾਵੇਜਾਂ ਨੂੰ 02 ਦਿਨ ਦੇ ਅੰਦਰ-ਅੰਦਰ ਸਬੰਧਿਤ ਥਾਣਾ ਪਾਸ ਜਮ੍ਹਾਂ ਕਰਵਾ ਸਕਦੇ ਹਨ। ਇਸ ਨਿਰਧਾਰਿਤ ਸਮੇਂ ਤੋਂ ਬਾਅਦ ਜਾਂ ਇਹ ਵਹੀਕਲ ਨਿਲਾਮ ਹੋਣ ਤੋਂ ਬਾਅਦ ਕਿਸੇ ਵੀ ਧਿਰ ਵੱਲੋਂ ਕੀਤਾ ਗਿਆ ਦਾਅਵਾ ਜਾਂ ਅਪੀਲ ਮੰਨਣਯੋਗ ਨਹੀ ਹੋਵੇਗੀ। ਨਿਲਾਮੀ ਸ਼ਰਤਾਂ ਦਾ ਵੇਰਵਾ ਹੇਠ ਲਿੱਖੇ ਅਨੁਸਾਰ ਹੈ :

1. ਇਹਨਾਂ ਵਹੀਕਲਾਂ ਨੂੰ "AS IS, WHERE IS & WHAT IS BASIS" ਦੇ ਅਧਾਰ ਤੇ ਨਿਲਾਮ ਕੀਤਾ ਜਾਵੇਗਾ।
2. ਬੋਲੀ ਵਿੱਚ ਭਾਗ ਲੈਣ ਆਏ ਹਰ ਇੱਕ ਬੋਲੀਕਾਰ ਨੂੰ ਰਕਮ 50,000/-ਰੁਪਏ ਬਤੌਰ ਜਮਾਨਤ ਬੋਲੀ ਦੇਣ ਤੋਂ ਪਹਿਲਾਂ ਨਗਦ ਜਮ੍ਹਾਂ ਕਰਵਾਉਣੀ ਪਵੇਗੀ ਅਤੇ ਇਹ ਸਾਰੀ ਰਕਮ ਆਨਲਾਇਨ ਸਵੀਕਾਰ ਨਹੀ ਕੀਤੀ ਜਾਵੇਗੀ।
3. ਬੋਲੀਕਾਰਾਂ ਦੀ ਜਮਾਨਤ/ਸਕਿਉਰਟੀ ਰਕਮ ਬੋਲੀ ਦੀ ਮਿਤੀ ਵਾਲੇ ਦਿਨ ਨਿਰਧਾਰਿਤ ਸਮੇਂ ਤੋਂ 02 ਘੰਟੇ ਪਹਿਲਾਂ ਤੱਕ ਹੀ ਜਮ੍ਹਾਂ ਕੀਤੀ ਜਾਵੇਗੀ। ਮੌਕਾ ਪਰ ਬੋਲੀਕਾਰ ਪਾਸ ਆਪਣਾ ਅਸਲ ਅਧਾਰਕਾਰਡ ਅਤੇ ਇਸ ਅਧਾਰਕਾਰਡ ਦੀ ਫੋਟੋ ਕਾਪੀ ਨਾਲ ਲੈ ਕੇ ਆਉਣ।
4. ਜੋ ਵਿਅਕਤੀ ਇਸ ਖੁੱਲੀ ਬੋਲੀ ਵਿੱਚ ਭਾਗ ਲੈਣ ਚਾਹੁੰਦਾ ਹੈ ਅਤੇ ਜਿਹਨਾਂ ਵਹੀਕਲਾਂ ਦੀ ਨਿਲਾਮੀ ਕੀਤੀ ਜਾਣੀ ਹੈ, ਨੂੰ ਨਿੱਜੀ ਤੌਰ ਤੇ ਟਰੈਫਿਕ ਪੁਲਿਸ ਪੁਲਿਸ ਲਾਇਨ ਕਮਿਸ਼ਨਰੇਟ ਜਲੰਧਰ ਦੇ ਵਾਹਨ ਯਾਰਡ ਵਿੱਚ ਜਾ ਕੇ ਵੇਖ ਸਕਦਾ ਹੈ ਅਤੇ ਬੋਲੀ ਪ੍ਰਕਿਰਿਆ ਮੁੰਕਮਲ ਹੋਣ ਤੋਂ ਬਾਅਦ ਕੋਈ ਕਿੰਤੂ ਪ੍ਰੰਤੂ ਕਰਨ ਦਾ ਅਧਿਕਾਰ ਨਹੀਂ ਹੋਵੇਗਾ।
5. ਇਹ ਨਿਲਾਮ ਹੋਣ ਵਾਲੇ ਵਹੀਕਲਾਂ ਦੀ ਬੋਲੀ ਰਿਜਰਵ ਕੀਮਤ ਤੋਂ ਸ਼ੁਰੂ ਕੀਤੀ ਜਾਵੇਗੀ ਅਤੇ ਰਿਜਰਵ ਕੀਮਤ ਤੋਂ ਘੱਟ ਕੋਈ ਵੀ ਵਹੀਕਲ ਨਿਲਾਮ ਨਹੀ ਹੋਵੇਗਾ।

6. ਹਰੇਕ ਵਹੀਕਲ ਦੀ ਵੱਖਰੀ-ਵੱਖਰੀ ਬੋਲੀ ਕੀਤੀ ਜਾਵੇਗੀ।
7. ਬੋਲੀਕਾਰ ਨੂੰ ਖੁੱਲੀ ਬੋਲੀ ਵਿੱਚ ਸ਼ਾਮਲ ਹੋਣ ਲਈ ਖੁਦ ਦੇ ਖਰਚੇ ਤੇ ਆਉਣਾ ਹੋਵੇਗਾ ਅਤੇ ਉਹ ਅਜਿਹਾ ਖਰਚਾ ਕਲੇਮ ਕਰਨ ਦਾ ਅਧਿਕਾਰੀ ਨਹੀ ਹੋਵੇਗਾ।
8. ਇਸ ਖੁੱਲੀ ਬੋਲੀ ਦੀ ਸਾਰੀ ਪ੍ਰਕਿਰਿਆ ਪਾਰਦਰਸ਼ੀ ਢੰਗ ਰਾਹੀਂ ਸਮੂਹ ਹਾਜਰੀਨ ਬੋਲੀਕਾਰਾਂ ਦੀ ਹਾਜਰੀ ਵਿੱਚ ਕੀਤੀ ਜਾਵੇਗੀ ਅਤੇ ਬੋਲੀਕਾਰ ਨੂੰ ਬੋਲੀ ਸਮੇਂ ਬੋਲਣ ਦਾ ਪੂਰਾ ਅਧਿਕਾਰ ਹੋਵੇਗਾ।
9. ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕਰਾਈ ਗਈ ਜਮਾਨਤ ਰਕਮ ਬੋਲੀਕਾਰ ਵੱਲੋਂ ਖਰੀਦ ਕੀਤੇ ਗਏ ਵਹੀਕਲਾਂ ਦੀ ਕੀਮਤ ਵਿੱਚ ਅਡਜਸਟ ਕੀਤੀ ਜਾਵੇਗੀ ਅਤੇ ਅਸਫਲ ਬੋਲੀਕਾਰਾਂ ਨੂੰ ਜਮਾਨਤ ਦੀ ਰਕਮ ਬੋਲੀ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ।
10. ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ ¼ ਹਿੱਸਾ ਮੌਕਾ ਪਰ ਹੀ ਜਮ੍ਹਾਂ ਕਰਾਉਣਾ ਪਵੇਗਾ ਅਤੇ ਬਾਕੀ ¾ ਰਕਮ 07 ਦਿਨ ਦੇ ਅੰਦਰ-ਅੰਦਰ ਕਮੇਟੀ ਵੱਲੋਂ ਮੁਹੱਈਆ ਕਰਾਏ ਬੈਂਕ ਖਾਤਾ ਨੰਬਰ ਵਿੱਚ ਲੇਖਾਕਾਰ, ਦਫਤਰ ਕਮਿਸ਼ਨਰ ਪੁਲਿਸ ਜਲੰਧਰ ਰਾਹੀਂ ਜਮ੍ਹਾਂ ਕਰਵਾਉਣੀ ਪਵੇਗੀ।
11. ਅਗਰ ਸਫਲ ਬੋਲੀਕਾਰ ਮਿੱਥੇ ਸਮੇਂ ਅੰਦਰ-ਅੰਦਰ ਬਣਦੀ ਰਕਮ ਸਮੇਤ 18% GST ਦੀ ਰਸੀਦ ਜਮ੍ਹਾਂ ਨਹੀ ਕਰਵਾਂਉਦਾ ਹੈ ਤਾਂ ਉਸ ਲਾਟ ਦੀ ਬੋਲੀ ਰੱਦ ਕੀਤੀ ਜਾਵੇਗੀ। ਅਜਿਹੀ ਸੂਰਤ ਵਿੱਚ ਬੋਲੀ ਦੁਬਾਰਾ ਨਿਯਮਾਂ ਅਨੁਸਾਰ ਕਰਵਾਈ ਜਾਵੇਗੀ ਅਤੇ ਇਸ ਲਾਟ ਦੇ ਨੰਬਰ 2 ਬੋਲੀਕਾਰ ਦਾ ਕੋਈ ਹੱਕ ਨਹੀ ਹੋਵੇਗਾ।
12. ਸਫਲ ਬੋਲੀਕਾਰ ਨੂੰ ਬੋਲੀ ਦੀ ਬਾਕੀ ਬੱਚਦੀ ਰਕਮ ¾ ਨੂੰ ਡੀਮਾਂਡ ਡਰਾਫਟ "IN FAVOUR OF COMMISSIONER OF POLICE, JALANDHAR" ਰਾਂਹੀ ਬੋਲੀ ਤੋਂ 07 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਹੋਵੇਗਾ। ਜੇਕਰ ਸਫਲ ਬੋਲੀਕਾਰ ਵੱਲੋਂ ਬੋਲੀ ਦੀ ਕੁੱਲ ਰਕਮ 07 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਨਹੀ ਕਰਾਈ ਗਈ ਤਾਂ ਉਸ ਵੱਲੋਂ ਬੋਲੀ ਸਮੇਂ ਬਤੋਰ ਜਮਾਨਤ ਜਮ੍ਹਾਂ ਕਰਵਾਈ ਰਕਮ 50,000/-ਰੁਪਏ ਸਮੇਤ ¼ ਹਿੱਸਾ ਰਕਮ ਨੂੰ ਜ਼ਬਤ ਕਰਕੇ ਸਰਕਾਰ ਦੇ ਖਾਤਾ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ ਅਤੇ ਬੋਲੀਕਾਰ ਨੂੰ ਉਕਤ ਰਕਮ ਵਾਪਸ ਲੈਣ ਦਾ ਕੋਈ ਅਧਿਕਾਰ ਨਹੀ ਹੋਵੇਗਾ ਅਤੇ ਬਾਅਦ ਵਿੱਚ ਉਸ ਵੱਲੋਂ ਕੀਤਾ ਗਿਆ ਦਾਅਵਾ ਜਾਂ ਕਲੇਮ ਮੰਨਣਯੋਗ ਨਹੀ ਹੋਵੇਗਾ।
13. ਸਫਲ ਬੋਲੀਕਾਰ ਨਿਲਾਮ ਹੋਏ ਵਹੀਕਲਾਂ ਦੀ ਸਾਰੀ ਬਣਦੀ ਰਕਮ ਅਤੇ 18% GST+2% TCS ਅਦਾ ਕਰਨ ਤੋਂ ਬਾਅਦ 07 ਦਿਨਾਂ ਦੇ ਅੰਦਰ-ਅੰਦਰ ਵਹੀਕਲ ਲੈ ਕੇ ਜਾਣ ਦਾ ਪਾਬੰਦ ਹੋਵੇਗਾ। ਸਫਲ ਬੋਲੀਕਾਰ ਖ੍ਰੀਦ ਕੀਤੇ ਵਹੀਕਲਾਂ ਨੂੰ ਲੈ ਕੇ ਜਾਣ ਦਾ ਖਰਚਾ ਵੀ ਆਪ ਕਰੇਗਾ।
14. ਸਫਲ ਬੋਲੀਕਾਰ ਵੱਲੋਂ ਸਾਰੀ ਬਣਦੀ ਰਕਮ ਦਾ ਭੁਗਤਾਨ ਕਰਨ ਤੋਂ ਬਾਅਦ ਹੀ ਇਹ ਨਿਲਾਮ ਵਹੀਕਲ ਉਸ ਦੇ ਹਵਾਲੇ ਕੀਤੇ ਜਾਣਗੇ।
15. ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਬੋਲੀ ਵਿੱਚ ਨਿਲਾਮ ਸਾਰੇ ਵਹੀਕਲ ਸਕਰੈਪ ਵਿੱਚ ਨਿਪਟਾਏ ਜਾ ਰਹੇ ਹਨ ਅਤੇ ਇਹਨਾਂ ਸਾਰੇ ਵਹੀਕਲਾਂ ਨੂੰ ਦੁਬਾਰਾ ਸੜ੍ਹਕ ਤੇ ਚੱਲਣ ਦਾ ਅਧਿਕਾਰ ਨਹੀ ਹੋਵੇਗਾ।
16. ਇਸ ਬੋਲੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਆਉਣ ਵਾਲੇ ਹਰੇਕ ਬੋਲੀਕਾਰ ਅਤੇ ਉਸ ਦੇ ਨਾਲ ਆਏ ਮੈਂਬਰਾਂ ਪਾਸ ਹਰ ਪ੍ਰਕਾਰ ਦੇ ਅਸਲਾ/ਐਮੂਨੀਸ਼ਨ ਅਤੇ ਹੋਰ ਇਤਰਾਜਯੋਗ ਮਟੀਰੀਅਲ ਲਿਆਉਣ ਤੇ ਮੁੰਕਮਲ ਪਾਬੰਦੀ ਹੈ। ਜੋ ਬੋਲੀਕਾਰ ਉਲੰਘਣਾ ਕਰੇਗਾ ਤਾਂ ਉਸ ਨੂੰ ਬੋਲੀ ਵਿੱਚ ਭਾਗ ਲੈਣ ਤੋਂ ਅਸਫਲ ਕਰਾਰ ਦਿੱਤਾ ਜਾਵੇਗਾ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
17. ਇਹਨਾਂ ਵਹੀਕਲਾਂ ਦੀ ਨਿਲਾਮੀ ਸਮੇਂ ਜੋ ਬੋਲੀਕਾਰ ਇਹਨਾਂ ਸ਼ਰਤਾਂ ਦੀ ਉਲੰਘਣਾ ਕਰੇਗਾ ਤਾਂ ਉਸ ਨੂੰ ਮੌਕਾ ਪਰ ਹੀ ਕਮੇਟੀ ਵੱਲੋਂ ਬੋਲੀ ਵਿੱਚ ਭਾਗ ਲੈਣ ਤੋਂ ਆਯੋਗ ਘੋਸ਼ਿਤ ਕੀਤਾ ਜਾਵੇਗਾ।
18. ਪ੍ਰਸ਼ਾਸ਼ਨਿਕ ਕਾਰਨਾਂ ਕਰਕੇ ਬੋਲੀ ਦੀ ਮਿਤੀ ਨੂੰ ਅੱਗੇ ਵਧਾਉਣ ਦਾ ਅਧਿਕਾਰ ਵੀ ਕਮੇਟੀ ਨੂੰ ਹੋਵੇਗਾ ਅਤੇ ਗਠਿਤ ਕਮੇਟੀ ਨੂੰ ਬੋਲੀ ਸਮੇਂ ਉਪਰੋਕਤ ਸ਼ਰਤਾਂ ਵਿੱਚ ਵਾਧਾ-ਘਾਟਾ ਕਰਨ ਦਾ ਪੂਰਾ ਅਧਿਕਾਰ ਹੋਵੇਗਾ।
19. ਇਹਨਾਂ ਵਹੀਕਲਾਂ ਸਬੰਧੀ ਜਾਣਕਾਰੀ ਲੈਣ ਲਈ ਟਰੈਫਿਕ ਹੈਲਪਲਾਇਨ ਨੰਬਰ 01812227296 ਅਤੇ 8872500548 ਪਰ ਸਪੰਰਕ ਕੀਤਾ ਜਾ ਸਕਦਾ ਹੈ।

ਕਮਿਸ਼ਨਰ ਪੁਲਿਸ,
ਜਲੰਧਰ।